# ...ਜਾਨ ਤੋਂ ਆਨੀ ਜਾਨੀ ਹੈ

*—ਗੁਰਦਿਆਲ ਸਿੰਘ*

ਚਾਰ ਕੁ ਸਾਲ ਪਹਿਲਾਂ ਗੁਰਸ਼ਰਨ ਭਾਅ ਜੀ, ਸਾਡੀ ਛੋਟੀ ਜਿਹੀ ਪਿੰਡ ਵਰਗੀ ਮੰਡੀ ਵਿਚ, ਸਥਾਨਕ ਤਰਕਸ਼ੀਲ ਸੰਸਥਾ ਦੇ ਸੱਦੇ 'ਤੇ ਆਏ ਸਨ। ਉਨ੍ਹਾਂ ਨਾਲ ਸਿਰਫ ਤਿੰਨ ਕਲਾਕਾਰ ਸਨ। ਇਨ੍ਹਾਂ ਤਿੰਨਾਂ ਨੇ ਹੀ ਤਿੰਨ ਨਾਟਕ ਖੇਡੇ। ਭਾਅ ਜੀ ਆਪਣੇ ਵਿਚਾਰ ਦੱਸ ਕੇ, ਸਟੇਜ ਦੇ ਇਕ ਪਾਸੇ ਜਾ ਬੈਠੇ ਸਨ, ਆਵਾਜ਼ ਵਿਚ ਉਹੋ ਚਾਰ ਦਹਾਕਿਆਂ ਤੋਂ ਵਧੇਰੇ ਦਾ ਗੜ੍ਹਕਾ ਕਾਇਮ ਸੀ।

ਉਸ ਰਾਤ ਉਹ ਬਾਰਾਂ-ਇਕ ਵਜੇ ਦੇ ਕਰੀਬ, ਰਾਤ ਬਿਤਾਉਣ ਲਈ, ਸਾਡੇ ਘਰ ਠਹਿਰੇ। ਉਨ੍ਹਾਂ ਦੇ ਅਦਾਕਾਰਾਂ ਵਿਚ ਇਕ ਲੜਕੀ ਤੇ ਉਸ ਦਾ ਪਤੀ ਸ਼ਾਮਲ ਸਨ ਜਿਨ੍ਹਾਂ ਦਾ ਦੋ ਕੁ ਸਾਲ ਦਾ ਬੱਚਾ ਵੀ ਨਾਲ ਸੀ। ਉਹ ਘਰ ਹੇਠਲੇ ਕਮਰੇ ਵਿਚ ਰਹੇ। ਭਾਅ ਜੀ ਤੇ ਤੀਜਾ ਅਦਾਕਾਰ ਨੌਜਵਾਨ ਉਤਲੇ ਕਮਰੇ ਵਿਚ ਆ ਗਏ। ਕੁਵੇਲਾ ਹੋਣ ਕਾਰਨ ਮੈਂ ਉਨ੍ਹਾਂ ਨਾਲ ਬਹੁਤੀ ਗੱਲਬਾਤ ਨਹੀਂ ਸੀ ਕਰਨੀ ਚਾਹੁੰਦਾ ਕਿਉਂਕਿ ਉਨ੍ਹਾਂ ਨੇ ਆਰਾਮ ਵੀ ਕਰਨਾ ਸੀ।

ਸਵੇਰੇ ਜਦੋਂ ਜਾਗੇ ਤਾਂ ਮੇਰੀ ਪਤਨੀ ਨੇ ਪੁੱਛਿਆ, "ਭਾਅ ਜੀ ਚਾਹ ਲਿਆਵਾਂ ?"

"ਨਹੀਂ ਬੀਬੀ ਦਸ ਕੁ ਮਿੰਟ ਠਹਿਰ ਕੇ ਲੈ ਆਉਣਾ।"

ਉਹ ਗੁਸਲਖਾਨੇ ਵਿਚ ਮੂੰਹ-ਹੱਥ ਧੋ ਕੇ ਮੁੜ ਕਮਰੇ ਵਿਚ ਆ ਗਏ। ਅੰਦਾਜ਼ੇ ਨਾਲ, ਦਸ-ਪੰਦਰਾਂ ਮਿੰਟ ਬਾਅਦ ਉਹ ਚਾਹ ਦੇ ਦੋ ਕੱਪ ਲੈ ਕੇ ਕਮਰੇ 'ਚ ਗਈ ਤਾਂ ਦੇਖ ਕੇ ਹੈਰਾਨ ਰਹਿ ਗਈ ਕਿ ਭਾਅ ਜੀ ਸ਼ੂਗਰ ਦੀ ਦਵਾਈ ਇੰਸੋਲੀਨ ਦਾ ਟੀਕਾ ਲਾ ਰਹੇ ਸਨ, ਜਿਸ ਦੇ ਲਾਉਣ ਤੋਂ ਤੁਰੰਤ ਮਗਰੋਂ ਕੁਝ ਖਾਣਾ-ਪੀਣਾ ਜ਼ਰੂਰੀ ਹੁੰਦਾ ਹੈ।

ਕੁਝ ਚਿਰ ਬਾਅਦ ਜਦੋਂ ਹੇਠਲੇ ਕਮਰੇ ਵਿਚੋਂ ਬੱਚੇ ਨੂੰ ਗੋਦੀ ਚੁੱਕੀ, ਅਦਾਕਾਰ ਕੁੜੀ, ਉੱਤੇ ਨਹਾਉਣ ਆਈ ਤਾਂ ਮੈਂ ਉਹਨੂੰ ਪੁੱਛਿਆ, "ਬੇਟੀ ਜਦੋਂ ਤੁਸੀਂ ਨਾਟਕ ਖੇਡ ਰਹੇ ਸੀ, ਉਦੋਂ ਇਹ ਬੱਚਾ ਕਿੱਥੇ ਸੀ ?"

"ਜਦੋਂ ਤੁਸੀਂ ਨਾਟਕ ਖੇਡਦੇ ਓ ਏਨੀ ਦੇਰ ਇਹ ਰੋਂਦਾ ਜਾਂ ਜ਼ਿੱਦ ਨਹੀਂ ਕਰਦਾ ?"

"ਨਹੀਂ ਅੰਕਲ, ਇਹਨੂੰ 'ਕੱਲਾ ਰਹਿਣ ਦੀ ਆਦਤ ਪੈ ਗਈ ਆ, ਖਿਡਾਉਣਿਆਂ

ਨਾਲ ਖੇਡਦਾ ਰਹਿੰਦਾ।"

ਭਾਅ ਜੀ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਕੋਲ ਗਿਆ ਤਾਂ ਉਹ ਹਮੇਸ਼ਾਂ ਵਾਂਗ ਮੁਸਕੁਰਾਉਂਦੇ, ਪਹਿਲਾਂ ਮੇਰੀ ਸਿਹਤ ਤੇ ਕੰਮ ਬਾਰੇ ਪੁੱਛਣ ਲੱਗ ਪਏ। ਮੈਂ ਉਨ੍ਹਾਂ ਤੋਂ ਉਨ੍ਹਾਂ ਦੇ ਏਨੇ ਘੱਟ ਅਦਾਕਾਰਾਂ ਨਾਲ ਨਾਟਕ ਕਰਨ ਬਾਰੇ ਪੁੱਛਣਾ ਚਾਹੁੰਦਾ ਸਾਂ। ਪਰ ਉਨ੍ਹਾਂ ਆਪ ਹੀ ਗੱਲਾਂ ਛੇੜ ਲਈਆਂ।

"ਜਦੋਂ ਛੇਵੇਂ ਦਹਾਕੇ ਨਾਟਕ ਕਰਨੇ ਸ਼ੁਰੂ ਕੀਤੇ ਤਾਂ ਪੜ੍ਹੇ-ਲਿਖੇ ਮੁੰਡੇ ਕੁੜੀਆਂ ਨੂੰ ਬੜਾ ਸ਼ੌਕ ਹੁੰਦਾ ਸੀ। ਆਪੇ ਮੇਰੇ ਕੋਲ ਆ ਕੇ, ਬੜੇ ਚਾਵਾਂ ਨਾਲ ਰੀਹਰਸਲਾਂ ਕਰਦੇ, ਨਾਟਕ ਖੇਡਦੇ। ਕਈ ਨੌਕਰੀਆਂ ਵੀ ਕਰਦੇ ਸਨ। ਉਹ ਛੁੱਟੀਆਂ ਲੈ ਕੇ ਵੀ ਮੇਰੇ ਨਾਲ ਜਾਂਦੇ। ਅੰਮ੍ਰਿਤਸਰ ਤਾਂ ਐਕਟਰਾਂ ਦੀ ਕੋਈ ਕਮੀ ਨਹੀਂ ਸੀ। ਸ਼ਾਇਦ 1968-69 ਵਿਚ ਤੁਸਾਂ ਏਥੇ ਵੀ ਸਾਡੀ ਟੀਮ ਨੂੰ ਬੁਲਾਇਆ ਸੀ। ਉਦੋਂ ਮੇਰੀ ਪਤਨੀ ਕੈਲਾਸ਼, ਬੇਟੀ-ਉਦੋਂ ਬੜੀ ਛੋਟੀ ਸੀ-ਹਰਭਜਨ, ਜਤਿੰਦਰ, ਲੋਕ ਨਾਥ ਸਮੇਤ ਸ਼ਾਇਦ ਬਾਰਾਂ-ਪੰਦਰਾਂ ਐਕਟਰ ਸਨ। ਮੈਂ ਉਨ੍ਹਾਂ ਨੂੰ ਜੋ ਵੀ ਸਰਦਾ-ਬਣਦਾ, ਦੇ ਵੀ ਦਿੰਦਾ ਸਾਂ-ਜੋ ਨਾਟਕ ਕਰਾਉਣ ਵਾਲੇ ਦੇ ਸਕਦੇ ਸਨ। ਇਹ ਸਿਲਸਿਲਾ ਦੋ-ਢਾਈ ਕੁ ਦਹਾਕੇ ਜਾਰੀ ਰਿਹਾ। ਫੇਰ ਕੁਝ ਪੜ੍ਹੇ-ਲਿਖੇ ਮੁੰਡੇ-ਕੁੜੀਆਂ ਐਕਟਿੰਗ ਸਿੱਖ ਕੇ ਏਧਰ ਉਧਰ ਟੀ.ਵੀ., ਫਿਲਮਾਂ ਤੇ ਦੂਰਦਰਸ਼ਨ ਵੱਲ ਵੀ ਜਾਣ ਲੱਗ ਪਏ। ਇਸ ਘਾਟ ਨੂੰ ਪੂਰਾ ਕਰਨ ਲਈ, ਮੈਂ ਇਹੋ ਸੋਚਿਆ ਕਿ ਨਾਟਕ ਹੀ ਅਜਿਹੇ ਹੋਣ ਜੋ ਐਕਟਰਾਂ ਮੁਤਾਬਕ ਖੇਡੇ ਜਾ ਸਕਣ। ਜਦੋਂ ਚੰਡੀਗੜ੍ਹ ਗਏ ਤਾਂ ਉਥੇ ਵੀ ਸ਼ੌਕੀਆ ਮੁੰਡੇ-ਕੁੜੀਆਂ ਆਣ ਲੱਗ ਪਏ। ਤੁਹਾਡੀ ਦੋਹਤੀ ਵੀ ਬੜੀ ਅੱਛੀ ਸੀ। ਉਹ ਫੇਰ ਅੰਮ੍ਰਿਤਸਰ ਚਲੀ ਗਈ ਨੌਕਰੀ 'ਤੇ।...

"ਹੁਣ ਕੁਝ ਚਿਰ ਤੋਂ ਬਸ ਅਹਿ ਤਿੰਨ ਹੀ ਰਹਿ ਗਏ ਨੇ। ਅਹਿ ਮੇਰੇ ਨਾਲ ਜਿਹੜਾ ਲੜਕਾ ਏ, ਐਕਟਿੰਗ ਵੀ ਕਰਦਾ ਏ ਤੇ ਸਾਡੀ ਕਾਰ ਦਾ ਡਰਾਇਵਰ ਵੀ ਇਹੋ ਏ..." ਉਨ੍ਹਾਂ ਆਪਣੇ ਨਾਲ, ਦੂਜੇ ਨੌਜਵਾਨ ਵੱਲ ਇਸ਼ਾਰਾ ਕੀਤਾ ਤੇ ਮੁਸਕਰਾ ਪਏ।

"ਭਾਅ ਜੀ ਤੁਸੀਂ, ਅਜਿਹੇ ਹਾਲਾਤ ਵਿਚ ਵੀ ਏਨਾ ਕੰਮ ਕਰ ਰਹੇ ਓ..."

"ਇਹ ਤੇ ਤੁਹਾਡਾ ਸਾਡਾ ਫਰਜ਼ ਏ।" ਉਨ੍ਹਾਂ ਗੰਭੀਰ ਹੁੰਦਿਆਂ ਕਿਹਾ, "ਜੇ ਅਸੀਂ ਨਹੀਂ ਕਰਾਂਗੇ ਤਾਂ ਹੋਰ ਕੌਣ ਕਰੇਗਾ-ਸਾਡੀ ਤੇ ਕਮਿਟਮੈਂਟ ਏ...ਦੇਖਦੇ ਓ ਨਾ ਲੋਕਾਂ ਨੂੰ ਕਿੰਜ ਵਰਗਲਾਇਆ ਜਾ ਰਿਹਾ ਏ। ਕਿੰਜ ਉਨ੍ਹਾਂ ਦੀਆਂ ਮੁਸੀਬਤਾਂ ਵਧ ਰਹੀਆਂ ਨੇ...ਸਾਰਾ ਕੁਝ ਹੀ ਬਰਬਾਦ ਕਰੀ ਜਾਂਦੀਆਂ ਨੇ ਇਹ ਬੁਰਜਵਾ ਪੁਲੀਟੀਕਲ ਪਾਰਟੀਆਂ।" ਜਿਵੇਂ ਬੋਲਦੇ ਗਏ ਆਵਾਜ਼ ਸੁਭਾਵਿਕ ਹੀ ਉੱਚੀ ਹੁੰਦੀ ਗਈ। ਅੱਖਾਂ ਦੀ ਚਮਕ ਵਧਣ ਲੱਗ ਪਈ ਤੇ ਦੋਏ ਬਾਹਾਂ ਉਤਾਂਹ ਕਰਕੇ ਦੋਏ ਹੱਥ ਜਿਵੇਂ ਬਾਜ਼ਾਂ ਵਾਂਗ ਉਡਾਰੀ ਮਾਰਨ ਲੱਗ ਪਏ।

ਮੈਨੂੰ ਅਚਾਨਕ, ਉਹ ਸਮਾਂ ਯਾਦ ਆ ਗਿਆ, ਜਦੋਂ, ਸ਼ਾਇਦ 1972-73

ਵਿਚ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਦੇ ਗੇਟ ਕੋਲ, ਵੱਡੇ ਹਾਲ ਵਿਚ ਉਨ੍ਹਾਂ ਦੇ ਸੱਦੇ ਉੱਤੇ ਸਾਰੇ ਪੰਜਾਬ ਵਿਚੋਂ, ਵਿਦਵਾਨ, ਖੱਬੇਪੱਖੀ ਪਾਰਟੀਆਂ ਦੇ ਨੇਤਾ, ਨੌਜਵਾਨ ਵਰਕਰ ਇਕੱਠੇ ਹੋਏ ਸਨ ਤੇ ਹਾਲ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਕਈ ਵਿਦਵਾਨਾਂ ਨੇ ਪਰਚੇ ਪੜ੍ਹਨੇ ਸਨ। ਨਕਸਲਵਾਦ ਦਾ ਦੌਰ ਸੀ। ਨੌਜਵਾਨਾਂ ਵਿਚ ਬੜਾ ਜੋਸ਼ ਸੀ।

ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਭਾਅ ਜੀ ਨੇ ਆਏ ਲੋਕਾਂ ਦਾ ਸੁਆਗਤ ਕਰਨਾ ਸੀ। ਜਦੋਂ ਬੋਲਣ ਲੱਗੇ ਤਾਂ ਸਾਧਾਰਨ ਆਵਾਜ਼ ਉੱਚੀ ਹੁੰਦੀ ਗਈ। ਅਜੇ ਪੰਜ-ਸੱਤ ਮਿੰਟ ਹੀ ਬੋਲੇ ਹੋਣਗੇ ਕਿ ਭਾਵੁਕ ਹੋ ਗਏ। ਆਵਾਜ਼ ਭਰੜਾ ਗਈ।

"ਸਾਡੇ ਇਕ ਬਜ਼ੁਰਗ ਕਹਿਣ ਲੱਗੇ, "ਤੁਸੀਂ ਏਨੇ ਗੰਦੇ, ਸੜੇ-ਗਰਕੇ ਸਮਾਜ ਵਿਚ ਜੀਵੀ ਕਿੰਜ ਜਾਂਦੇ ਓ...ਇਹ ਬੰਦਿਆਂ ਦੇ ਰਹਿਣ ਜੋਗਾ ਹੈ ਵੇ...ਫੇਰ ਵੀ ਤੁਹਾਨੂੰ ਅਹਿਸਾਸ ਨਹੀਂ ਹੁੰਦਾ ਕਿ ਤੁਸਾਂ ਦਾ ਕੀ ਫਰਜ਼ ਏ...ਕੀ ਕਰਦੇ ਪਏ ਓ..."

ਤੇ ਏਨੇ ਭਾਵੁਕ ਹੋ ਗਏ ਕਿ ਰੋ ਪਏ। ਹੰਝੂ ਪੂੰਝੀ ਗਏ, ਬੋਲ ਨਹੀਂ ਸਕੇ। ਸਾਰੇ ਪਾਸੇ ਸੁੰਨ ਵਾਪਰ ਗਈ। ਉਹ ਕੁਝ ਪਲ ਯਾਦ ਕਰਕੇ, ਮੈਂ ਵੀ ਰਤਾ ਕੁ ਭਾਵੁਕ ਹੋ ਕੇ ਕਿਹਾ, "ਭਾਅ ਜੀ ਤੁਸੀਂ ਧੰਨ ਓ! ਮੈਨੂੰ ਉਹ ਦਿਨ ਯਾਦ ਐ ਜਦੋਂ ਅੰਮ੍ਰਿਤਸਰ ਹਾਲ ਬਾਜ਼ਾਰ ਦੇ ਬਾਹਰ ਵੱਡੇ ਹਾਲ ਵਿਚ ਤੁਸੀਂ ਏਨੇ ਭਾਵੁਕ ਹੋ ਗਏ ਸੀ..."

"ਹਾਂ! ਮੈਂ ਹੁਣ ਭਾਵੁਕ ਹੋ ਜਾਨਾ ਵਾਂ, ਗੁਰਦਿਆਲ ਸਿੰਘ...ਇਹ ਜੋ ਕੁਝ ਅਸੀਂ ਦੇਖਨੇ ਪਏ ਆਂ, ਬਰਦਾਸ਼ਤ ਨਹੀਂ ਹੁੰਦਾ...ਬਰਦਾਸ਼ਤ ਕਿੰਜ ਕਰੀਏ! ਇਹ ਬਰਦਾਸ਼ਤ ਕਰਨ ਵਾਲਾ ਹੈ ਵੇ..."

ਫੇਰ ਇਕਦਮ ਮੁੜ ਮੁਸਕਰਾਏ। ਇੰਜ ਮੂਡ ਬਦਲਣ ਦੀ ਆਦਤ ਉਨ੍ਹਾਂ ਨੂੰ ਲੰਮੇ ਸਮੇਂ ਤੋਂ ਲਗਾਤਾਰ ਨਾਟਕ ਖੇਡਣ ਕਰਕੇ ਹੀ ਨਹੀਂ ਸੀ ਬਣੀ। ਇਹ ਉਨ੍ਹਾਂ ਦੇ ਰੋਮ-ਰੋਮ ਵਿਚ ਰਚੀ ਹੋਈ ਸੀ-ਮੁਕੰਮਲ ਸ਼ਖਸੀਅਤ ਦਾ ਹੀ ਭਾਗ ਸੀ।

ਅਜਿਹੇ ਇਨਸਾਨ, 'ਬਣਾਏ' ਨਹੀਂ ਬਣਦੇ, ਉਹ ਪੈਦਾ ਹੁੰਦੇ ਹਨ। (ਮੈਨੂੰ ਲੈਨਿਨ ਯਾਦ ਆ ਗਿਆ ਜੋ ਚੰਗੇ ਖਾਂਦੇ-ਪੀਂਦੇ ਸਕੂਲ ਇੰਸਪੈਕਟਰ ਦਾ ਪੁੱਤਰ ਸੀ, ਪਰ ਉਹਦੇ ਵਿਚਾਰਾਂ ਕਰਕੇ ਉਹਨੂੰ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਗਿਆ ਸੀ, ਪਰ ਇੰਨਕਲਾਬ ਤਕ ਕਿਤੇ ਨਹੀਂ ਸੀ ਰੁਕਿਆ। ਜਦੋਂ ਉਹਦਾ ਵੱਡਾ ਭਰਾ, ਜਿਸ ਨੂੰ ਉਹ ਆਪਣਾ ਗੁਰੂ ਮੰਨਦਾਂ ਸੀ, ਆਪਣੇ ਕੁਝ ਗਲਤ ਰੁਝਾਨਾਂ ਕਰਕੇ ਮਾਰ ਦਿੱਤਾ ਗਿਆ ਸੀ ਤਾਂ ਆਪਣੀ ਮਾਂ ਨੂੰ ਰੋਂਦਿਆਂ ਦੇਖ ਕੇ ਉਹਨੇ ਕਿਹਾ ਸੀ, "ਮਾਂ ਇਹ ਜਿਸ ਰਸਤੇ ਪੈ ਗਿਆ ਸੀ, ਇਹਦਾ ਹਸ਼ਰ ਇਹੋ ਹੋਣਾ ਸੀ...ਹੁਣ ਰੋ ਨਾ।") ਤੇ ਇਹੋ ਬੰਦੇ ਹੁੰਦੇ ਨੇ ਜਿਹੜੇ ਸਦੀਆਂ ਦੇ ਸੁੱਤੇ ਪਏ ਸਮਾਜਾਂ ਨੂੰ ਹਲੂਣ ਕੇ ਜਗਾਅ ਜਾਂਦੇ ਨੇ। ਸਦਾ ਤਾਂ ਇਨ੍ਹਾਂ ਰਹਿਣਾ ਨਹੀਂ ਹੁੰਦਾ, ਪਰ ਜੋ ਕੁਝ ਵੀ ਉਹ ਕਰ ਜਾਂਦੇ ਨੇ, ਉਹਨੂੰ ਸਿਥਲ ਹੋਏ ਸਮਾਜ ਵੀ ਭੁਲਾ ਨਹੀਂ ਸਕਦੇ। ਇਹ 'ਕਰਮਯੋਗੀ', ਜੋ ਕਰਨ ਆਉਂਦੇ ਨੇ ਕਰਕੇ ਤੁਰ ਜਾਂਦੇ ਨੇ। ਇਨ੍ਹਾਂ ਦੇ ਵਿਚਾਰ ਤੇ ਕਰਮ ਹੀ ਨਿੱਘਰੇ ਸਮਾਜਾਂ

ਨੂੰ, ਬੰਦਿਆਂ ਦੇ ਰਹਿਣ ਜੋਗੇ ਬਣਾਉਣ ਲਈ ਬਿਖੜੇ ਰਾਹਾਂ 'ਤੇ ਤੁਰਨ ਲਈ ਉਤਸ਼ਾਹਤ ਕਰਕੇ ਹਨ। ਸੰਸਾਰ ਅੰਦਰ ਤਬਦੀਲੀਆਂ ਮਹਾਨ ਅਗੰਮੀ ਪੁਰਸ਼ਾਂ, ਵਿਗਿਆਨੀਆਂ, ਚਿੰਤਕਾਂ ਕਾਰਨ ਹੀ ਆਉਂਦੀਆਂ ਰਹੀਆਂ ਹਨ। ਇਹ ਮਨੁੱਖੀ ਸਮਾਜਾਂ ਦੇ ਵਿਕਾਸ ਦਾ ਅਟੱਲ ਨਿਯਮ ਵੀ ਹੈ ਕਿ ਇਹ ਬੰਦੇ ਉਦੋਂ ਪੈਦਾ ਹੁੰਦੇ ਹਨ ਜਦੋਂ ਉਨ੍ਹਾਂ ਦੀ ਸਭ ਤੋਂ ਵੱਧ, ਕਿਸੇ ਸਮਾਜ ਨੂੰ ਲੋੜ ਹੁੰਦੀ ਹੈ। ਗੁਰਸ਼ਰਨ ਭਾਅ ਜੀ ਵੀ ਅਜਿਹੀ ਲੋੜ ਸਮੇਂ ਹੀ ਆਏ ਤੇ ਆਪਣਾ ਫਰਜ਼ ਨਿਭਾ ਕੇ ਚਲੇ ਗਏ। ਇਹੋ ਉਨ੍ਹਾਂ ਦੇ ਜੀਵਨ ਦਾ ਮਹੱਤਵ ਤੇ ਮਹਾਨਤਾ ਸੀ। ਉਰਦੂ ਸ਼ਾਇਰ ਫੈਜ਼ ਅਨੁਸਾਰ :

ਜਿਸ ਧਜ ਸੇ ਕੋਈ ਮਕਤਲ ਮੇਂ ਗਯਾ
ਵੋਹ ਸ਼ਾਨ ਸਲਾਮਤ ਰਹਿਤੀ ਹੈ
ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਤੋ ਕੋਈ ਬਾਤ ਨਹੀਂ।